ਤਹਿਸੀਲ ਡੇਰਾ ਬਾਬਾ ਨਾਨਕ ਵਿਖੇ ਸਬਾਈ ਐੱਸਡੀਐੱਮ/ਤਹਿਸੀਲਦਾਰ ਨਿਯੁਕਤ ਕਰਨ ਦੀ ਮੰਗ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਰਾਮਦੀਵਾਲੀ ਵਿਖੇ ਪੰਜਾਬ ਕਿਸਾਨ ਯੂਨੀਅਨ ਦੇ ਝੰਡਾਬਰਦਾਰ ਕਰਤਾਰ ਦੀ ਮੀਟਿੰਗ ਗੁਲਬੰਦ ਸਿੰਘ ਰਾਮਦੀਵਾਲੀ ਅਤੇ ਸੁਖਜੀਤ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਵਿੱਚ ਬੋਲਦਿਆਂ ਮਜਦੂਰਾਂ ਤੇ ਕਿਸਾਨਾਂ ਦੇ ਸੂਬਾ ਆਗੂ ਕਾਮਰੇਡ ਗੁਰਮੀਤ ਸਿੰਘ ਬੱਢਪੁਰਾਣ ਨੇ ਭਗਵੰਤ ਮਾਨ ਸਰਕਾਰ ਉਪਰ ਦੋਸ਼ ਲਾਇਆ ਕਿ ਇਤਿਹਾਸਕ ਤਹਿਸੀਲ ਡੇਰਾ ਬਾਬਾ ਨਾਨਕ ਵਿਖੇ ਬੀਤੇ ਤਿੰਨ ਮਹੀਨੇ ਤੋਂ ਕੋਈ ਵੀ ਸਥਾਈ ਐੱਸਡੀਐੱਮ ਅਤੇ ਨਾ ਹੀ ਕੋਈ ਸਥਾਈ ਤਹਿਸੀਲਦਾਰ ਹੈ। ਆਰਜ਼ੀ ਤੌਰ 'ਤੇ ਇਥੇ ਦਾ ਚਾਰਜ ਬਟਾਲਾ ਐੱਸਡੀਐੱਮ ਨੂੰ ਦੇ ਦਿੱਤਾ ਹੈ ਜੋ ਕਦੇ ਵੀ ਬਟਾਲਾ ਵਾਪਸ ਵਿਖੇ ਨਹੀਂ ਆਏ। ਇਸ ਤਹਿਸੀਲ ਵਿਚ ਸੈਕੜੇ ਪਿੰਡ ਹਨ। ਜੇਕਰ ਉਨ੍ਹਾਂ ਨੂੰ ਐੱਸਡੀਐੱਮ ਨਾਲ ਕੋਈ ਜ਼ਰੂਰੀ ਕੰਮਕਾਜ ਹੋਵੇ ਤਾਂ ਦੂਰ ਦੇ ਪਿੰਡਾਂ ਦੇ ਲੋਕਾਂ ਨੂੰ 40 ਕਿਲੋਮੀਟਰ ਦੀ ਦੂਰੀ ਤੇਅ ਕਰਕੇ ਬਟਾਲਾ ਵਿਖੇ ਪਹੁੰਚਣਾ ਪੈਂਦਾ ਹੈ। ਬੱਢਪੁਰਾਣ ਨੇ ਕਿਹਾ ਕਿ ਖੇਤਾ ਚਾਰਜ ਅਤੇ ਰਾਮਦੀਵਾਲੀ ਦੇ ਮੁਸਲਿਮ ਕਿਸਾਨ ਯੂਨੀਅਨ ਦੇ ਇਕ ਵੱਡੇ ਵਫਦ ਵੱਲੋਂ ਕਰੀਬ ਇਕ ਮਹੀਨਾ ਪਹਿਲਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਇਸ ਮਸਲੇ ਤੋਂ ਜਾਣੂ ਕਰਵਾਇਆ ਸੀ ਤਾਂ ਉਨ੍ਹਾਂ ਮੌਕੇ ਤੇ ਹੀ ਐੱਸਡੀਐੱਮ ਨੂੰ ਦੁਬਾਰਾ ਪਿੰਡਾਂ ਵਿੱਚ ਪੁੱਜ ਕੇ ਖਰਾਬ ਹੋਈ ਰੋਜ਼ਿਊ ਗਰਦੌਰੀ ਕਰਨ ਦੇ ਕਰਕੇ ਹਦਾਇਤ ਕੀਤੀ ਸੀ ਪਰ ਕਿਸੇ ਵੀ ਅਧਿਕਾਰੀ ਨੇ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਤਕ ਜਾਣਾ ਮੁਨਾਸਿਬ ਨਹੀਂ ਸਮਝਿਆ। ਇਨ੍ਹਾਂ ਕਾਰਨਾਂ ਕਰਕੇ ਡੇਰਾ ਬਾਬਾ ਨਾਨਕ ਤਹਿਸੀਲ ਦੇ ਲੋਕਾਂ ਅੰਦਰ ਬਹੁਤ ਰੋਹ ਹੈ।

ਮੀਟਿੰਗ ਨੇ ਮਾਨ ਸਰਕਾਰ ਤੋਂ ਡੇਰਾ ਬਾਬਾ ਨਾਨਕ ਵਿਖੇ ਸਥਾਈ ਐੱਸਡੀਐੱਮ ਲਗਾਉਣ ਦੀ ਮੰਗ ਕਰਦਿਆਂ ਸਾਰੇ ਮਸਲੇ ਹੱਲ ਕਰਨ ਦੀ ਮੰਗ ਕੀਤੀ। ਇਸ ਮੌਕੇ ਕਰਮਜੀਤ ਸਿੰਘ ਖੇਤਾ ਚਾਰਜ, ਲਖਵਿੰਦਰ ਸਿੰਘ, ਧੀਰ ਸਿੰਘ, , ਸਤਨਾਮ ਸਿੰਘ, ਸੁਲਜੀਤ ਸਿੰਘ, ਹਰਭਜਨ ਸਿੰਘ, ਕੇਵਲ ਸਿੰਘ ਅਤੇ ਗੁਰਦੇਵ ਸਿੰਘ ਆਦਿ ਹਾਜ਼ਰ ਸਨ।

ਸੀ ਐੱਮ ਓ ਜਲੰਧਰ ਵੱਲੋਂ ਰਾਤ ਨੂੰ ਸਿਵਲ ਹਸਪਤਾਲ ਵਿਲੋਰ ਦੀ ਚੈਕਿੰਗ

ਵਿਲੋਰ (ਨਿਰਮਲ)- ਰਾਤ ਕਰੀਬ ਵਿਲੋਰ ਦੇ ਸਿਵਲ ਹਸਪਤਾਲ 'ਚ ਉਸ ਸਮੇਂ ਸਟਾਫ 'ਚ ਹੜਕੰਪ ਮਚ ਗਿਆ, ਜਦੋਂ ਸੀ.ਐਮ.ਓ. ਜਲੰਧਰ ਰਮਨ ਸ਼ਰਮਾ ਅਚਾਨਕ ਜਾਂਚ ਕਰਨ ਲਈ ਸਿਵਲ ਹਸਪਤਾਲ ਪਹੁੰਚੇ। ਉਨ੍ਹਾਂ ਨੇ ਆਖੁਦਿਆਂ ਹੀ ਸਭ ਤੋਂ ਪਹਿਲਾਂ ਜਨਰਲ ਵਾਰਡ ਦੀ ਜਾਂਚ ਕੀਤੀ ਅਤੇ ਉੱਥੇ ਦਾਖਲ ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ ਕਿ ਕੀ ਉਨ੍ਹਾਂ ਨੂੰ ਸਮੇਂ ਸਿਰ ਦਵਾਈਆਂ ਮਿਲ ਰਹੀਆਂ ਹਨ ਅਤੇ ਹਸਪਤਾਲ ਦੇ ਅੰਦਰੋਂ ਹੀ ਮਰੀਜ਼ਾਂ ਨੇ ਡਾਕਟਰਾਂ ਅਤੇ ਦਵਾਈਆਂ ਬਾਰੇ ਦੱਸਿਆ ਕਿ ਸਟਾਫ ਉਨ੍ਹਾਂ ਦੀ ਦੇਖਭਾਲ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਦਵਾਈਆਂ ਅੰਦਰੋਂ ਮਿਲ ਰਹੀਆਂ ਹਨ। ਇਸ ਤੋਂ ਬਾਅਦ ਉਨ੍ਹਾਂ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਅਤੇ ਸੇਟਰ ਰੂਮ ਵਿਚ ਪਈਆਂ ਸਾਰੀਆਂ ਦਵਾਈਆਂ ਦੀ ਜਾਂਚ ਕੀਤੀ, ਇਸ ਦੇ ਨਾਲ ਹੀ ਉਨ੍ਹਾਂ ਨੇ ਐਂਬੂਲੈਂਸ 108 ਨੂੰ ਚੇਕ ਕਰਕੇ ਉਸ ਨੂੰ ਚਾਲੂ ਕੀਤਾ ਅਤੇ ਅੰਦਰ ਪਏ ਹਰ ਤਰ੍ਹਾਂ ਦੇ ਸਾਮਾਨ ਦੀ ਜਾਂਚ ਕੀਤੀ।

ਉਨ੍ਹਾਂ ਐਸ.ਐਮ.ਓ ਵਿਲੋਰ ਰੋਹਿਣੀ ਦੀ ਵੀ ਸਲਾਘਾ ਕੀਤੀ ਜੋ ਘੱਟ ਸਟਾਫ ਦਾ ਹੋਣਾ ਦੱਸਿਆ ਕਿ ਹਸਪਤਾਲ ਨੂੰ ਚੰਗੀ ਤਰ੍ਹਾਂ ਚਲਾ ਰਹੇ ਹਨ। ਪੰਜਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਲਦੀ ਹੀ ਵਿਲੋਰ ਦੇ ਸਿਵਲ ਹਸਪਤਾਲ 'ਚ ਨਵੇਂ ਡਾਕਟਰ ਭੇਜੇ ਜਾ ਰਹੇ ਹਨ।

ਅੰਡਰ ਬ੍ਰਿਜ ਦਾ ਕੰਮ ਢਿੱਲੀ ਰਫਤਾਰ ਨਾਲ ਚਲਣ ਕਰਕੇ ਪਿੰਡਾਂ ਦੇ ਲੋਕ ਹਾਦੇ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ ਤੇ ਸਟਰ ਰਹੇ ਅੰਡਰ ਬ੍ਰਿਜ ਦਾ ਕੰਮ ਢਿੱਲੀ ਰਫਤਾਰ ਨਾਲ ਚਲਣ ਕਾਰਨ ਪਿੰਡਾਂ ਦੇ ਲੋਕਾਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆ ਰਹੀਆਂ।

ਲੋਕਾਂ 'ਚ ਜ਼ਿਲਾ ਪ੍ਰਸ਼ਾਸਨ ਤੇ ਠੇਕੇਦਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਘ ਸਮਾਜ ਸੇਵਕ ਡਾ. ਜੋਗਿੰਦਰ ਸਿੰਘ ਕੇਸਰ, ਵਿਪਨ ਕਲਾਰ, ਸੁਸ਼ੀਲ ਕਲਾਰ, ਬਾਬਾ ਰਣਜੀਤ ਸਿੰਘ ਜੰਨ ਵਿਚਾਰਕ, ਮਾਸਟਰ ਕਵਿੰਦਰ ਸਿੰਘ ਤੇ ਜਸਵੀਰ ਸਿੰਘ ਨੇ ਦੱਸਿਆ ਕਿ ਇਹ ਕੰਮ ਪਿਛਲੇ ਕਈ ਮਹੀਨੇ ਤੋਂ ਚਲਾਇਆ ਜਾ ਰਿਹਾ ਹੈ ਅਤੇ ਇਹ ਕੰਮ ਹੁਣ ਤਕ ਅਧੂਰਾ ਪਿਆ ਹੈ ਅਤੇ ਪਿਛਲੇ ਦੋ ਲੋਕਾਂ ਨੂੰ 2 ਕਿਲੋਮੀਟਰ ਦੀ ਬਜਾਏ 5 ਕਿਲੋਮੀਟਰ ਦਾ ਵਾਧੂ ਸਫਰ ਤੇਅ ਕਰਨਾ ਪੈ ਰਿਹਾ ਹੈ। ਇਸ ਨਾਲ ਲੋਕਾਂ ਦਾ ਆਰਥਿਕ ਤੌਰ 'ਤੇ ਵੀ ਕਾਫੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਧਿਆਨ ਹਿਤ ਲਿਆਉਣ ਦੇ ਬਾਵਜੂਦ ਕੋਈ ਵੀ ਹੋਣ ਨਹੀਂ ਹੋਇਆ ਤੇ ਹੁਣ ਰੋਲਵੇਂ ਫਾਟਕ ਬੰਦ ਹੋਣ ਨਾਲ ਪੰਡੋਰੀ ਰੋਡ ਤੇ ਕਾਧਾਨੂੰਕਾਲ ਰੋਡ 'ਤੇ ਹੰਮੇਸ਼ਾ ਟ੍ਰੈਫਿਕ ਜਾਮ ਰਹਿਦੀ ਹੈ। ਇਸ ਨਾਲ ਸ਼ੁਕਰਜਾਮੰ, ਸਕੂਲੀ ਵੈਨਿਆਂ ਅਤੇ ਸਟਰ ਕਰ ਰਹੇ ਲੋਕਾਂ ਨੂੰ ਕਈ ਕਈ ਘਰੀਂ ਪਹੇ ਚੋਕਲ-ਘੁਮਾਰ ਹੋਣਾ ਪੈਂਦਾ ਹੈ। ਉਪਰੋਕਤ ਇਲਾਨ ਕਰਤਾਵਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਮੰਗ ਕੀਤੀ ਹੈ ਕਿ ਇਸ ਅੰਡਰ ਬ੍ਰਿਜ ਦੇ ਕੰਮ ਸਟੈਂਡ ਦੇ ਅਧੂਰੇ ਕੰਮ ਨੂੰ ਛੇਤੀ ਤੋਂ ਛੇਤੀ ਖਤਮ ਕਰਨ ਲਈ ਜ਼ਿਲਾ ਪ੍ਰਸ਼ਾਸਨ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ।

ਬੂਟਾ ਸਿੰਘ ਦੇ ਪਰਵਚਨ ਸਗਲੇ ਨਾਲ ਕਿਰਤੀ ਕਿਸਾਨ ਯੂਨੀਅਨ ਦਾ ਕੋਈ ਸਬੰਧ ਨਹੀਂ : ਸੰਧੂ

ਨੂਰਮਹਿਲ (ਬਾਲ ਕਿਸਨ ਬਾਲੀ) - ਕਿਰਤੀ ਕਿਸਾਨ ਯੂਨੀਅਨ ਦੀ ਮੀਟਿਰ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸੰਤੋਖ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿੱਚ ਬੂਟਾ ਸਿੰਘ ਸ਼ਾਦੀਪੁਰ ਅਤੇ ਉਸਦੀ ਪਤਨੀ ਪਰਵਨੀ ਨਾਲ ਚਲ ਰਹੇ ਝਗੜੇ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ। ਵਰਨਣਯੋਗ ਹੈ ਕਿ ਇਹ ਬੂਟਾ ਸਿੰਘ ਅਤੇ ਉਸਦੀ ਪਤਨੀ ਤੇਜਿੰਦਰ ਕੌਰ ਦਾ ਆਪਸੀ ਪਰਿਵਾਰਿਕ ਅਤੇ ਨਿੱਜੀ ਮਸਲਾ ਹੈ ਜੋ ਜ਼ਿਲ੍ਹੇ ਕੋਰਟ ਵਿਚ ਚਲ ਰਿਹਾ ਹੈ।

ਕਿਰਤੀ ਕਿਸਾਨ ਯੂਨੀਅਨ ਦਾ ਇਸ ਨਾਲ ਸਰੋਕਾਰ ਨਹੀਂ ਹੈ। ਬੂਟਾ ਸਿੰਘ ਦੇ ਬਾਪ ਦੀ ਮੌਤ ਤੋਂ ਬਾਅਦ ਪੈਦਾ ਹੋਏ ਵਿਵਾਦ ਨੂੰ ਜਥੇਬੰਦੀਆਂ ਦੁਆਰਾ ਗੱਲਬਾਤ ਰਾਹੀਂ ਹੱਲ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਕਿਉਂਕਿ ਇਹ ਮਾਮਲਾ ਬੂਟਾ ਸਿੰਘ ਦੀਆਂ ਭਾਵਨਾਵਾਂ ਨਾਲ ਜੁੜਿਆ ਸੀ, ਜਦ ਹੀ ਜਥੇਬੰਦੀਆਂ ਦੁਆਰਾ ਪਿੰਡ ਦੀ ਪੰਚਾਇਤ ਨਾਲ ਤਾਲਮੇਲ ਕਰਕੇ ਮਸਲੇ ਨੂੰ ਗੱਲਬਾਤ ਰਾਹੀਂ ਹਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਜੋ ਸਿਰੇ ਨਹੀਂ ਚੜ੍ਹ ਸਕੀ। ਬੂਟਾ ਸਿੰਘ ਵੱਲੋਂ ਧਰਨਾ ਜਾਂ ਮੁਜਾਹਰਾ ਕਰਨ ਜਾਂ ਕੋਈ ਵੀ ਗੈਰ ਕਾਨੂੰਨੀ ਕਾਰਵਾਈ ਕਰਨ ਨਾਲ ਜਥੇਬੰਦੀ ਸਹਿਮਤ ਨਹੀਂ ਹੈ। ਜਥੇਬੰਦੀਆਂ ਦੇ ਖਿਲਾਫ ਕੀਤਾ ਜਾ ਰਿਹਾ ਪਚਾਰ ਸਰਾਸਰ ਗਲਤ ਹੈ, ਜਥੇਬੰਦੀਆਂ ਦਾ ਇਹਨਾ ਕਾਰਵਾਈਆਂ ਨਾਲ ਕੋਈ ਸਬੰਧ ਨਹੀਂ ਹੈ।

ਪਰਵੀਨ ਬੱਤਰਾ ਤੇ ਰਾਹੁਲ ਬਤਰਾ ਐਂਟੀ ਕਰੱਪਸ਼ਨ ਬਿਊਰੋ ਆਫ ਇੰਡੀਆ 'ਚ ਸ਼ਾਮਲ

ਕਪੂਰਥਲਾ (ਪੀਤੇ ਸੰਤੋਸ਼ਕਾ) ਐਂਟੀ ਕਰੱਪਸ਼ਨ ਬਿਊਰੋ ਆਫ ਇੰਡੀਆਂ ਦੀ ਟੀਮ ਕੁਰੱਪਸ਼ਨ ਦੀ ਰੋਕਥਾਮ ਕਰਨ ਲਈ ਰੋਜ਼ਾਨਾ ਉਪਰਾਲੇ ਕਰ ਰਹੀ ਹੈ ਇਸ ਦੀ ਟੀਮ 'ਚ ਇਨੀਂ ਦਿਨ ਵਾਧਾ ਹੋ ਰਿਹਾ ਹੈ। ਇਸੇ ਲੜੀ ਦੇ ਤਹਿਤ ਸ਼ਹੀਦ ਭਗਤ ਸਿੰਘ ਨਗਰ ਦੇ ਸਮਾਜ ਪ੍ਰਤੀ ਸੇਵਾ ਭਾਵਨਾ ਸੋਚ ਰੱਖਣ ਵਾਲੇ ਆਗੂ ਪ੍ਰਵੀਨ ਬੱਤਰਾ ਅਤੇ ਰਾਹੁਲ ਬਤਰਾ ਨੇ ਟੀਮ 'ਚ ਸ਼ਾਮਲ ਹੋਣ ਦਾ ਫੈਸਲਾ ਲਿਆ। ਟੀਮ ਦੇ ਨੋਡਲ ਚੀਫ ਮਹਾਦੇਵ ਸਿੰਘ ਗਿਲ ਨੇ ਦੱਸਿਆ ਕਿ ਇਹ ਆਪਣੇ ਸੰਸਥਾ ਵਿੱਚ ਸੀ ਆਇਆ ਆਖਿਆ। ਉਨ੍ਹਾਂ ਦੱਸਿਆ ਕਿ ਪਰਵੀਨ ਬਤਰਾ ਨੂੰ ਰਾਜਦਰੀ ਚੀਫ ਡਾਇਰੈਕਟਰ ਯੂਨੇਸ ਸੈਲੇ ਅਤੇ ਰਾਹੁਲ ਬਤਰਾ ਨੂੰ ਨੈਸ਼ਨਲ ਯੂਥ ਡਾਇਰੈਕਟਰ ਦਾ ਅਹੁਦਾ ਦਿੱਤਾ ਗਿਆ ਹੈ। ਇਸ ਮੌਕੇ ਸਟੇਟ ਚੀਫ ਡਾਇਰੈਕਟਰ ਸੰਦੀਪ ਸਿੰਘ, ਸਟੇਟ ਚੇਅਰਮੇਨ ਬਲਵੀਰ ਸਿੰਘ ਰਾਣਾ ਵੀ ਵਿਸ਼ੇਸ਼ ਰੂਪ 'ਚ ਹਾਜ਼ਰ ਸਨ।

ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ

ਬਾਗੀਚਾਲਾ (ਮਲਿੰਦਰ ਸਿੰਘ ਕਿੰਗੜਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸ੍ਰੀਮੀਨ ਗੁਰਦੁਆਰਾ ਗੁਰਦਾਸ ਨੰਗਲ ਗੁਰਦਾਸਪੁਰ ਵਿਖੇ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ ਗਿਆ ਜਿਸ ਵਿਚ ਵਿਦਿਆਰਥੀਆਂ ਦੇ ਭਾਸ਼ਣ, ਕਵਿਤਾ ਉਚਾਰਣ, ਸੁੰਦਰ ਲਿਖਾਈ ਅਤੇ ਸਲੋਗਨ ਲੇਖਣ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੰਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਦੌਰਾਨ ਕਾਲਜ ਅਧਿਆਪਕਾਂ ਨੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਅਤੇ ਸਾਰਥਕਤਾ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਗੁਰਮੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮਨੁੱਖ ਜਿਨੀਆਂ ਮਰਜ਼ੀ ਭਾਸ਼ਾਵਾਂ ਸਿੱਖੇ ਪਰ ਆਪਣੀ ਮਾਂ ਬੋਲੀ ਨਾਲ ਕਦੇ ਵੀ ਮੋਹ ਨਹੀਂ ਤੋੜਨਾ ਚਾਹੀਦਾ ਕਿ ਅੱਜ ਅਸੀਂ ਦੇਖ ਰਹੇ ਹਾਂ ਕਿ ਪੰਜਾਬੀ ਮਾਂ ਬੋਲੀ ਨੂੰ ਪਛਾਣਿਕ ਕਰਨ ਲਈ ਸਾਨੂਯ ਕਰਨ ਕੀਤੇ ਜਾਣ। ਕਾਲਜ ਦੇ ਪ੍ਰਿੰਸੀਪਲ ਡਾ. ਗੁਰਮੀਤ ਸਿੰਘ ਨੇ ਸਹਿਯੋਗ ਦੇਣ ਵਾਲੇ ਸਾਰੇ ਅਧਿਆਪਕ ਸਾਹਿਬਾਨ ਦਾ ਧੰਨਵਾਦ ਕੀਤਾ।

ਸਰਹਾਲਾ ਕਲਾਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ

ਮੋਹਣੀਆਣਾ (ਜਗਤਾਰ ਸਿੰਘ ਗੁੰਗਰਾਨੀ) ਪਿੰਡ ਸਰਹਾਲਾ ਕਲਾਂ ਵਿਖੇ ਗੁਰੂਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ ਤੋਂ ਜਗਤ ਗੁਰੂ ਨਿਰੰਕਾਰੀ ਸੇਤਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਬੇਦਾਰ ਮਨਜੀਤ ਸਿੰਘ ਖਾਲਸਾ ਨੇ ਪੰਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸਾਮ ਨੂੰ ਸਮਾਪਤੀ ਹੋਈ। ਇਸ ਨਗਰ ਕੀਰਤਨ ਵਿਚ ਪੰਜ ਪਿਆਰੇ, ਪੰਜ ਨਿਸ਼ਾਨਚੀ, ਫੌਜੀ ਬੈਂਡ, ਰਾਂਤਕਾ ਅਖਾੜਾ, ਸ਼ਬਦੀ ਜਥੇ ਪਾਲਕੀ ਸਾਹਿਬ ਨਾਲ ਨਾਲ ਚੱਲ ਰਹੇ ਸਨ। ਨਗਰ ਕੀਰਤਨ ਦਾ ਵੱਖ ਵੱਖ ਪੜਾਵਾਂ ਵਿੰਚ ਸਾਧਾਰਣ ਗੇਟ ਲਗਾ ਕੇ ਝੰਨਾਂ ਦੀ ਦਰਾਖ ਕਰ ਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਨਗਰ ਕੀਰਤਨ ਵਿਚ ਭਾਈ ਅਮਰਜੀਤ ਸਿੰਘ ਤਰੰਗੀ ਇੰਟਰਨੈਸ਼ਨਲ ਢਾਡੀ ਜਥਾ, ਪੁਕਾਰ ਢੱਡੀ ਜਥਾ ਦੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਵੱਲੋਂ ਥਾਂ ਥਾਂ ਲੰਗਰ ਲਗਾਏ ਗਏ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਨਗਰ ਕੀਰਤਨ ਦੌਰਾਨ ਚਾਰ ਸਾਹਿਬਜ਼ਾਦਿਆਂ ਕੌਤਕਾਂ ਅਖਾੜਾ ਸਰਹਾਲਾ ਖੁਰਦ ਦੀ ਕੌਤਕਾਂ ਦੀ ਪੇਸ਼ਕਾਰੀ ਨੇ ਆਪਣੇ ਕਲਾ ਦੇ ਜੌਹਰ ਦਿਖਾਏ। ਪ੍ਰਧਾਨ ਮਨਜੀਤ ਸਿੰਘ ਖਾਲਸਾ ਨੇ ਦੱਸਿਆਂ ਕਿ 13 ਨਵੇਂਬਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਪਾਏ ਜਾਣਗੇ। ਇਸ ਮੌਕੇ ਪ੍ਰਧਾਨ ਸਬੇਦਾਰ ਮਨਜੀਤ ਸਿੰਘ ਖਾਲਸਾ, ਗਿਆਨੀ ਗੁਰਵਿੰਦਰ ਸਿੰਘ, ਗੁਰਨਾਮ ਸਿੰਘ, ਮਨਜੀਤ ਸਿੰਘ, ਰੋਸ਼ਨ ਸਿੰਘ, ਸੋਨੂੰ, ਮਨੀਸ਼, ਸੈਨੀ ਸਹਾਰਨ ਕਲਾਂ, ਦਿਵਜਰਜੀਤ ਸਿੰਘ, ਲੁਕਵਿੰਦਰ ਸਿੰਘ ਖਾਲਸਾ, ਅਨਨਦੀਪ ਸਿੰਘ, ਕੁਲਵਿੰਦਰ ਸਿੰਘ ਪਰੋਜ, ਸਿੰਟੂ, ਸੁਲਿੰਦਰ ਕੌਰ ਪੰਚ, ਮੋਹਣ ਸਿੰਘ ਸਰਪੰਚ ਸਰਹਾਲਾ ਕਲਾਂ, ਗੁਰਚਰਨ ਸਿੰਘ ਗਿੱਲ, ਹਰਮੀਤ ਲਾਲ, ਵਿਦਿਆ, ਅਵਤਾਰ ਸਿੰਘ ਲੇਖਤਾਰਾ, ਉਧਾਰ ਸਿੰਘ, ਰੋਹਤ, ਗੋਰੀ, ਨਿਖਿਲ, ਬਲਜਿਦਰ ਸਿੰਘ, ਹੋਪੀ, ਅਮਿਤ ਸਿੰਘ, ਮਨੀਸ਼,ਅਮਿਤ ਆਦਿ ਹਾਜਰ ਸਨ।

ਡੋਗ੍ਰਾ/ਮਲੇਰੀਏ ਦੀ ਰੋਕਥਾਮ ਲਈ ਸਿਹਤ ਵਿਭਾਗ ਨੇ ਕਲਾਨੌਰ 'ਚ ਫੋਗਿੰਗ ਕਰਵਾਈ

ਕਲਾਨੌਰ (ਕੋਰਨੀ)-ਪੰਜਾਬ ਵਿੱਚ ਸਿਹਤ ਵਿਭਾਗ ਵੱਲੋਂ ਡੋਗ੍ਰੂ ਤੇ ਮਲੇਰੀਆ ਦੀ ਰੋਕਥਾਮ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਦੇ ਚੱਲਦੇ ਕਲਾਨੌਰ ਵਿੱਚ ਸਹਾਇਕ ਸਿਵਲ ਸਿਹਤ ਅਫਸਰ ਡਾ. ਸੁਖਦੇਵ ਸਿੰਘ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵਲੋਂ ਫੋਗਿੰਗ ਕਰਵਾਈ ਗਈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਲਖਵਿੰਦਰ ਸਿੰਘ ਅਠਵਾਲ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ